بِسْمِ اللّٰهِ الرَّحْمٰنِ الرَّحِیْمِ نَحْمَدُهٗ وَ نُصَلِّیْ عَلٰی رَسُوْلِهِ الْکَرِیْمِ وَعَلٰی عَبْدِهِ الْمَسِیْحِ الْمَوْعُوْدِ
لَا اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਤਹਰੀਕ-ਏ-ਜਦੀਦ ਦੇ 89ਵੇਂ ਸਾਲ ਦੌਰਾਨ ਅਹਮਦੀਆਂ ਵੱਲੋਂ ਪੇਸ਼ ਕੀਤੀਆਂ ਜਾਣ ਵਾਲਿਆਂ ਵਿੱਤੀ ਕੁਰਬਾਨੀਆਂ ਦਾ ਜ਼ਿਕਰ ਅਤੇ 90ਵੇਂ ਸਾਲ ਦੇ ਆਰੰਭ ਦਾ ਐਲਾਨ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 03 ਨਵੰਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَ اِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਉਜ਼, ਸੂਰਤੁਲੱ ਫ਼ਾਤਿਹਾ ਅਤੇ ਸੂਰਤ ਆਲਿ ਇਮਰਾਨ ਦੀ ਆਇਤ 93 ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਇਸ ਆਇਤ ਵਿਚੱ ਰਬੱ ਨੇ ਸਪਸ਼ਟ ਫ਼ਰਮਾ ਦਿੱਤਾ ਕਿ ਨੇਕੀ ਦੇ ਉਚੱਤਮ ਮਿਆਰ ਉਦੋਂ ਹੀ ਪ੍ਰਾਪਤ ਹੋਣਗੇ ਜਦੱ ਤੁਸੀਂ ਰਬੱ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ ਉਸ ਦੀ ਰਾਹ ਵਿਚੱ ਉਹ ਖ਼ਰਚ ਕਰੋ ਜੋ ਤੁਹਾਨੂੰ ਪਿਆਰਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਦੀ ਵਿਆਖਿਆ ਵਿਚੱ ਫ਼ਰਮਾਉਂਦੇ ਹਨ ਕਿ ਤੁਸੀਂ ਹਕੀਕੀ ਨੇਕੀ ਨੂੰ ਜੋ ਮੁਕਤੀ ਤਕੱ ਪਹੁੰਚਾਉਂਦੀ ਹੈ ਕਦੇ ਪਾ ਨਹੀਂ ਸਕਦੇ । ਇਸ ਤੋਂ ਬਿਨਾਂ ਕਿ ਤੁਸੀਂ ਰਬੱ ਦੀ ਰਾਹ ਵਿਚੱ ਉਹ ਮਾਲ ਅਤੇ ਚੀਜ਼ਾਂ ਖ਼ਰਚ ਕਰੋ । ਜੋ ਤੁਹਾਨੂੰ ਪਿਆਰੀਆਂ ਹਨ । ਫ਼ਿਰ ਇਕੱ ਥਾਂ ਫ਼ਰਮਾਇਆ ਕਿ ਮਾਲ ਨਾਲ ਪ੍ਰੇਮ ਨਹੀਂ ਕਰਨਾ ਚਾਹੀਦਾ । ਰਬੱ ਫ਼ਰਮਾਉਂਦਾ ਹੈ ਕਿ ਤੁਸੀਂ ਕਦੇ ਨੇਕੀ ਨੂੰ ਨਹੀਂ ਪਾ ਸਕਦੇ । ਜਦੱ ਤਕੱ ਤੁਸੀਂ ਉਹਨਾਂ ਚੀਜ਼ਾਂ ਵਿੱਚੋਂ ਰਬੱ ਦੀ ਰਾਹ ਵਿਚੱ ਖ਼ਰਚ ਨਹੀਂ ਕਰਦੇ । ਜਿੰਨ੍ਹਾਂ ਤੋਂ ਤੁਸੀਂ ਪਿਆਰ ਕਰਦੇ ਹੋ । ਫ਼ਰਮਾਇਆ ਕਿ ਵਿਅਰਥ ਅਤੇ ਨਿਕੱਮੀ ਚੀਜ਼ਾਂ ਦੇ ਖ਼ਰਚ ਨਾਲ ਕੋਈ ਵਿਅਕਤੀ ਨੇਕੀ ਕਰਨ ਦਾ ਦਾਅਵਾ ਨਹੀਂ ਕਰ ਸਕਦਾ । ਨੇਕੀ ਦਾ ਬੂਹਾ ਤੰਗ ਹੈ । ਸੋ, ਇਹ ਗਲੱ ਦਿਮਾਗ਼ ਵਿਚੱ ਬਿਠਾਓ ਕਿ ਨਿਕੱਮੀ ਚੀਜ਼ਾਂ ਦੇ ਖ਼ਰਚ ਨਾਲ ਕੋਈ ਉਸ ਵਿਚੱ ਦਾਖ਼ਲ ਨਹੀਂ ਹੋ ਸਕਦਾ । ਕਿਉਂਕਿ ਜਦੱ ਤਕੱ ਪਿਆਰੀ ਤੋਂ ਪਿਆਰੀ ਚੀਜ਼ਾਂ ਨੂੰ ਖ਼ਰਚ ਨਹੀਂ ਕਰੋਗੇ । ਉਦੋਂ ਤਕੱ ਮਹਿਬੂਬ ਦਾ ਦਰਜਾ ਨਹੀਂ ਮਿਲ ਸਕਦਾ । ਜੇਕਰ ਤਕਲੀਫ਼ ਚੁਕੱਣਾ ਨਹੀਂ ਚਾਹੁੰਦੇ ਅਤੇ ਹਕੀਕੀ ਨੇਕੀ ਨੂੰ ਚੁਣਨਾ ਨਹੀਂ ਚਾਹੁੰਦੇ ਤਾਂ ਕਿਵੇਂ ਕਾਮਯਾਬ ਅਤੇ ਉਦੇਸ਼ ਨੂੰ ਪ੍ਰਾਪਤ ਕਰਨ ਵਾਲੇ ਬਣ ਸਕਦੇ ਹੋ । ਫ਼ਰਮਾਇਆ ਕਿ ਕੀ ਸਹਾਬਾ ਮੁਫ਼ਤ ਵਿਚੱ ਇਸ ਦਰਜੇ ਤਕੱ ਪਹੁੰਚ ਗਏ, ਜੋ ਉਹਨਾਂ ਨੂੰ ਪ੍ਰਾਪਤ ਹੋਇਆ । ਰਬੱ ਦੀ ਇੱਛਾ ਜੋ ਹਕੀਕੀ ਖ਼ੁਸ਼ੀ ਦਾ ਕਾਰਨ ਹੈ ਪ੍ਰਾਪਤ ਨਹੀਂ ਹੋ ਸਕਦੀ । ਜਦੱ ਤਕੱ ਅਸਥਿਰ ਤਕਲੀਫ਼ਾਂ ਸਹਿਣ ਨ ਕੀਤੀਆਂ ਜਾਣ । ਰਬੱ ਠਗਿੱਆ ਨਹੀਂ ਜਾਂਦਾ । ਮੁਬਾਰਕ ਹਨ ਉਹ ਲੋਕ । ਜੋ ਰੱਬੀ ਖ਼ੁਸ਼ੀ ਲਈ ਤਕਲੀਫ਼ ਦੀ ਚਿੰਤਾ ਨਹੀਂ ਕਰਦੇ । ਕਿਉਂਕਿ ਸਦੇਵੀਂ ਖ਼ੁਸ਼ੀ ਅਤੇ ਆਰਾਮ ਦੀ ਰੋਸ਼ਨੀ ਉਸ ਅਸਥਿਰ ਤਕਲੀਫ਼ ਦੇ ਬਾਦ ਮੋਮਿਨ ਨੂੰ ਮਿਲਦੀ ਹੈ । ਸੋ, ਇਹ ਉਹ ਮਾਲ ਖ਼ਰਚ ਕਰਨ ਦੀ ਸਮਝ ਹੈ । ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ, ਰਬੱ ਦੇ ਆਦੇਸ਼ਾਂ ਅਨੁਸਾਰ ਸਾਡੇ

ਵਿਚੋਂ ਪੈਦਾ ਕਰਨਾ ਚਾਹੁੰਦੇ ਸਨ ਅਤੇ ਇਹ ਜਮਾਅਤ ਉੱਤੇ ਅਤੇ ਹਰ ਅਹਮਦੀ ਉੱਤੇ ਰਬੱ ਦੀ ਬਹੁਤ ਵੱਡੀ ਮਿਹਰ ਹੈ। ਜਿਸ ਨੇ ਇਸ ਗਲੱ ਨੂੰ ਸਮਝਿਆ ਅਤੇ ਉਸ ਨੇ ਆਪਣਾ ਮਾਲ ਦੀਨ ਦੀ ਰਾਹ ਵਿਚੱ ਖ਼ਰਚ ਕਰਨ ਲਈ ਪੈਸ਼ ਕੀਤਾ।

ਅਹਮਦੀਆਂ ਦੀ ਇਕੱ ਵੱਡੀ ਗਿਣਤੀ ਆਪਣੀ ਲੋੜ੍ਹਾਂ ਦੇ ਬਾਦ ਵੀ ਆਪਣਾ ਮਾਲ ਧਾਰਮਿਕ ਲੋੜ੍ਹਾਂ ਲਈ ਪੈਸ਼ ਕਰਦੀ ਹੈ। ਹਜ਼ਾਰਾਂ ਮਿਸਾਲਾਂ ਅਜਿਹੀਆਂ ਹਨ। ਅਜੱ ਕਲ੍ਹ ਅਸੀਂ ਵੇਖਦੇ ਹਾਂ ਕਿ ਸੰਸਾਰ ਦੇ ਆਰਥਿਕ ਹਾਲਾਤ ਖ਼ਰਾਬ ਹੁੰਦੇ ਜਾ ਰਹੇ ਹਨ। ਅਮੀਰ ਦੇਸ਼ਾਂ ਦਾ ਖ਼ਾਸ ਤੌਰ ਉੱਤੇ ਅਤੇ ਤਰੱਕੀ ਦੀ ਕੋਸ਼ਿਸ਼ ਕਰਨ ਵਾਲੇ ਦੇਸ਼ਾਂ ਦਾ ਵੀ ਹੁਣ ਉਹ ਹਾਲ ਨਹੀਂ ਰਿਹਾ। ਰੂਸ ਅਤੇ ਯੁਕਰੈਨ ਦੀ ਜੰਗ ਨੇ ਵੀ ਹਾਲਾਤ ਕਾਫ਼ੀ ਖ਼ਰਾਬ ਕਰ ਦਿੱਤੇ ਸਨ। ਫ਼ਿਰ ਉਹਨਾਂ ਦੇਸ਼ਾਂ ਦੇ ਸਿਆਸੀ ਲੋਕਾਂ ਦੀ ਰਿਸ਼ਵਤ ਖ਼ੋਰੀ ਨੇ ਵੀ ਬੁਰੇ ਹਾਲਾਤ ਕਰ ਦਿੱਤੇ ਹਨ। ਪਰ ਉਸ ਦੇ ਬਾਦ ਵੀ ਅਹਮਦੀ ਆਪਣੀ ਵਿੱਤੀ ਕੁਰਬਾਨੀ ਵਿਚੱ ਅੱਗੇ ਵਧੱਦੇ ਚਲੇ ਜਾ ਰਹੇ ਹਨ। ਸੰਸਾਰਿਕ ਲੋਕਾਂ ਦੀ ਨਜ਼ਰ ਵਿਚੱ ਉਸ ਨੂੰ ਸਮਝਣਾ ਮੁਸ਼ਕਿਲ ਹੈ। ਪਰ ਜਿੰਨ੍ਹਾਂ ਦੇ ਵਿਸ਼ਵਾਸ ਮਜ਼ਬੂਤ ਹਨ। ਉਹਨਾਂ ਨੂੰ ਪਤਾ ਹੈ ਕਿ ਇਹ ਕੁਰਬਾਨੀ ਇਸ ਲਈ ਹੈ ਕਿ ਉਸ ਦੇ ਨਤੀਜੇ ਵਿਚੱ ਰਬੱ ਦੀਆਂ ਮਿਹਰਾਂ ਨਜ਼ਰ ਆਉਂਦੀਆਂ ਹਨ। ਨਵੰਬਰ ਦੇ ਪਹਿਲੇ ਹਫ਼ਤੇ ਵਿਚੱ ਤਹਰੀਕ-ਏ-ਜਦੀਦ ਦੇ ਨਵੇਂ ਸਾਲ ਦਾ ਐਲਾਨ ਹੁੰਦਾ ਹੈ ਤਾਂ ਤਹਰੀਕ-ਏ-ਜਦੀਦ ਦੇ ਹਵਾਲੇ ਨਾਲ ਹੀ ਮੈਂ ਕਿੱਸੇ ਪੈਸ਼ ਕਰਾਂਗਾ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਜਦੱ ਤਹਰੀਕ-ਏ-ਜਦੀਦ ਦਾ ਐਲਾਨ ਫ਼ਰਮਾਇਆ ਸੀ ਅਤੇ ਉਸ ਸਮੇਂ ਜੋ ਮੰਗ ਰੱਖੀ ਸੀ। ਉਹਨਾਂ ਵਿਚੱ ਔਰਤਾਂ ਦੀ ਵਿੱਤੀ ਕੁਰਬਾਨੀ ਦੇ ਸੰਬੰਧ ਵਿਚੱ ਇਹ ਵੀ ਸੀ ਕਿ ਗਹਿਣਾ ਨ ਬਣਾਉਣ ਜਾਂ ਘਟੱ ਬਣਾਉਣ ਕੁਰਬਾਨੀ ਕਰਨ। ਉਸ ਸਮੇਂ ਵੀ ਅਤੇ ਅਜੱ ਵੀ ਔਰਤਾਂ ਕੁਰਬਾਨੀ ਦੇ ਰਹੀਆਂ ਹਨ। ਕੁਝੱ ਔਰਤਾਂ ਆਪਣਾ ਸਾਰਾ ਗਹਿਣਾ ਚੰਦੇ ਵਿਚੱ ਦੇ ਦਿੰਦੀਆਂ ਹਨ।

ਗ਼ਰੀਬ ਲੋਕ ਹਨ ਜੋ ਆਪਣਾ ਟਿਡੱ ਕਟੱ ਕੇ ਚੰਦਾ ਦਿੰਦੇ ਹਨ ਅਤੇ ਬਹੁਤ ਸਾਰੇ ਅਜਿਹੇ ਹਨ ਕਿ ਰਬੱ ਉਹਨਾਂ ਨੂੰ ਬਖ਼ਸ਼ਦਾ ਵੀ ਹੈ। ਅਮੀਰ ਲੋਕ ਵੀ ਸਬਕ ਸਿਖੱਣ ਅਤੇ ਆਪਣੀ ਕੁਰਬਾਨੀ ਦੇ ਮਿਆਰ ਨੂੰ ਵਧਾਉਣ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਫ਼ਰਮਾਇਆ ਸੀ ਕਿ ਗ਼ਰੀਬ ਲੋਕ ਅਜਿਹੇ ਵੀ ਹਨ। ਜੋ ਆਪਣੀ ਇਕੱ ਮਹੀਨੇ ਦੀ ਆਮਦ ਦਾ 45 % ਦੇ ਦਿੰਦੇ ਹਨ। ਪਰ ਅਮੀਰ ਲੋਕ ਕੇਵਲ 1.5% ਦਿੰਦੇ ਹਨ। ਸਗੋਂ ਹੁਣ ਤਾਂ ਗ਼ਰੀਬਾਂ ਵਿਚੱ ਅਜਿਹੇ ਵੀ ਹਨ। ਜੋ 100% ਦੇ ਦਿੰਦੇ ਹਨ ਅਤੇ ਅਮੀਰ ਲੋਕ 01% ਦਿੰਦੇ ਹਨ। ਸੋ, ਇਸ ਹਿਸਾਬ ਨਾਲ ਗ਼ਰੀਬਾਂ ਦੀ ਕੁਰਬਾਨੀ ਦਾ ਮਿਆਰ ਬਹੁਤ ਉਚੱਤਮ ਹੈ। ਇਸ ਹਿਸਾਬ ਨਾਲ ਖ਼ੁਸ਼ਹਾਲ ਲੋਕਾਂ ਨੂੰ ਆਪਣੀ ਪੜ੍ਹਚੋਲ ਕਰਨੀ ਚਾਹੀਦੀ ਹੈ। ਯਾਦ ਰੱਖੋ ਕਿ ਰਬੱ ਕਦੇ ਉਧਾਰ ਨਹੀਂ ਰਖੱਦਾ। ਜਿਵੇਂ ਕਿ ਕੁਰਆਨ ਸ਼ਰੀਫ਼ ਵਿਚੱ ਇਕੱ ਦੂਜੀ ਥਾਂ ਫ਼ਰਮਾਇਆ ਕਿ ਸਤੱ ਸੌ ਗੁਣਾ ਜਾਂ ਉਸ ਤੋਂ ਵੀ ਵਧੱ ਵਧਾ ਚੜ੍ਹਾ ਕੇ ਦਿੰਦਾ ਹੈ।

ਹਜ਼ੂਰੇ ਅਨਵਰ ਨੇ ਗਿਨੀ ਬਸਾਓ, ਫ਼ਿੱਜੀ, ਮਲਾਵੀ, ਤਨਜ਼ਾਨੀਆਂ, ਨਾਈਜਰ ਸਮੇਤ ਕੁਝੱ ਦੇਸ਼ਾਂ ਵਿਚੱ ਤਹਰੀਕ-ਏ-ਜਦੀਦ ਦੇ ਮੈਦਾਨ ਵਿਚੱ ਕੁਰਬਾਨੀ ਕਰਨ ਵਾਲਿਆਂ ਦੀਆਂ ਕੁਝੱ ਮਿਸਾਲਾਂ ਪੈਸ਼ ਕਰਦੇ ਹੋਏ ਫ਼ਰਮਾਇਆ ਕਿ ਕਿੱਥੇ ਤਾਂ ਜਮਾਅਤ ਵਿਰੋਧੀ ਜਮਾਅਤ ਨੂੰ ਖ਼ਤਮ ਕਰਨ ਲਈ ਜ਼ੋਰ ਲਾ ਰਹੇ ਸਨ ਅਤੇ ਫ਼ਿਰ ਵੇਖਿਆ ਕਿਵੇਂ ਰਬੱ ਨੇ ਨਵੇਂ ਆਉਣ ਵਾਲਿਆਂ ਦੇ ਦਿਲ੍ਹਾਂ ਵਿਚੱ ਜਮਾਅਤ ਲਈ ਕੁਰਬਾਨੀ ਦੀ ਤਹਰੀਕ ਪੈਦਾ ਕਰ ਦਿੱਤੀ ਅਤੇ ਫ਼ਿਰ ਬਖ਼ਸ਼ ਵੀ ਰਿਹਾ ਹੈ। ਕੀ ਇਹਨਾਂ ਵਿਰੋਧੀਆਂ ਦੀਆਂ ਫ਼ੂਕਾਂ ਨਾਲ ਇਹ ਚਿਰਾਗ਼ ਬੁਝੱ ਸਕਦਾ ਹੈ। ਜੋ ਰਬੱ ਨੇ ਜਲਾਇਆ ਹੋਇਆ ਹੈ। ਜਿੰਨ੍ਹਾਂ ਚਾਹੁੰਣ ਜ਼ੋਰ ਲਾਉਣ। ਹਾਰ ਅਤੇ ਮਾਯੂਸੀ ਹੀ ਵਿਰੋਧੀਆਂ ਦੀ ਕਿਸਮਤ ਹੈ ਅਤੇ ਜਮਾਅਤ ਸੰਸਾਰ ਦੇ ਹਰ ਕੋਨੇ ਵਿਚੱ ਕੁਰਬਾਨੀ ਦੀਆਂ ਮਿਸਾਲਾਂ ਕਾਯਮ ਕਰਦੇ ਹੋਏ ਤਰੱਕੀ ਕਰਦੀ ਚਲੀ ਜਾ ਰਹੀ

ਹੈ । ਤਹਰੀਕ-ਏ-ਜਦੀਦ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਸ਼ੁਰੂ ਹੀ ਇਸ ਕਰਕੇ ਕੀਤੀ ਸੀ ਕਿ ਜਮਾਅਤ ਦੇ ਖ਼ਿਲਾਫ਼ ਹਰ ਪਾਸਿਓਂ ਸਾਜ਼ਿਸ਼ਾਂ ਸਨ । ਇੱਥੇ ਤਕੱ ਕਿ ਸਰਕਾਰ ਦੇ ਅਫ਼ਸਰ ਵੀ ਵਿਰੋਧੀਆਂ ਨਾਲ ਸਹਿਯੋਗ ਕਰ ਰਹੇ ਸਨ । ਤਹਰੀਕ-ਏ-ਜਦੀਦ ਦਾ ਉਦੇਸ਼ ਹੀ ਇਹ ਸੀ ਕਿ ਪ੍ਰਚਾਰ ਕਰਕੇ ਜਮਾਅਤ ਨੂੰ ਵਧਾਉਣ ਅਤੇ ਸੰਸਾਰ ਦੇ ਹਰ ਦੇਸ਼ ਵਿਚੱ ਜਮਾਅਤ ਰਾਹੀਂ ਇਸਲਾਮ ਦਾ ਝੰਡਾ ਉੱਚਾ ਕੀਤਾ ਜਾਵੇ । ਸੋ, ਇਹ ਜਮਾਅਤ ਰਾਹੀਂ ਇਸਲਾਮ ਵਿਚੱ ਆਏ ਹੋਏ ਲੋਕ ਹਨ । ਜੋ ਵਿਸ਼ਵਾਸ ਅਤੇ ਯਕੀਨ ਅਤੇ ਕੁਰਬਾਨੀ ਵਿਚੱ ਮਿਸਾਲਾਂ ਕਾਯਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ । ਕਿੱਸੇ ਤਾਂ ਬਹੁਤ ਸਾਰੇ ਹਨ । ਪਰ ਉਹਨਾਂ ਸਭ ਨੂੰ ਇੱਥੇ ਇਸ ਸਮੇਂ ਬਿਆਨ ਨਹੀਂ ਕੀਤਾ ਜਾ ਸਕਦਾ ।

ਤਹਰੀਕ-ਏ-ਜਦੀਦ ਦੇ ਹਵਾਲੇ ਨਾਲ ਅਤੇ ਉਸ ਦਾ ਇਤਿਹਾਸਿਕ ਪਿਛੋਕੜ੍ਹ ਕੁਝੱ ਹੋਰ ਵੀ ਦਸਾਂਗਾ । ਜਮਾਅਤ ਦੇ ਖ਼ਿਲਾਫ਼ ਹਰ ਪਾਸਿਓਂ ਫ਼ਸਾਦ ਉਠੱ ਰਿਹਾ ਸੀ । ਖ਼ਾਸ ਤੌਰ ਉੱਤੇ ਅਹਰਾਰ ਨੇ ਤਾਂ ਫ਼ਸਾਦ ਪੈਦਾ ਕਰਨ ਲਈ ਆਪਣਾ ਸਾਰਾ ਜ਼ੋਰ ਲਾ ਦਿੱਤਾ ਸੀ ਅਤੇ ਇਹ ਨਾਅਰਾ ਸੀ ਕਿ ਅਹਮਦੀਅਤ ਨੂੰ ਜੜ੍ਹੋ ਪੁਟੱ ਦਿਆਂਗੇ । ਕਾਦੀਆਂ ਦਾ ਨਾਂ ਮਿਟਾ ਦਿਆਂਗੇ ਅਤੇ ਕਾਦੀਆਂ ਦੀ ਇਟੱ ਨਾਲ ਇਟੱ ਵਜਾ ਦੇਣ ਦੀਆਂ ਗੱਲ੍ਹਾਂ ਹੁੰਦੀਆਂ ਸਨ । ਇੱਥੇ ਤਕੱ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਕਬਰ ਅਤੇ ਪਵਿਤੱਰ ਸਥਲਾਂ ਦੀ ਬੇਇਜ਼ੱਤੀ ਕਰਨ ਦੇ ਪ੍ਰੋਗਰਾਮ ਸਨ ਅਤੇ ਸਰਕਾਰ ਵੱਲੋਂ ਵੀ ਵਿਰੋਧੀਆਂ ਵਲ੍ਹੱ ਵਧੱ ਝੁਕਾਵ ਸੀ । ਇਸ ਦੇ ਬਾਦ ਵੀ ਕਿ ਉਸ ਸਮੇਂ ਅੰਗਰੇਜ਼ ਸਰਕਾਰ ਸੀ ਫ਼ਸਾਦ ਖ਼ਤਮ ਕਰਨ ਦੀ ਥਾਂ ਉਹਨਾਂ ਨਾਲ ਸਹਿਯੋਗ ਕੀਤਾ ਜਾਂਦਾ ਸੀ । ਤਾਂ ਇਹਨਾਂ ਹਾਲਾਤਾਂ ਵਿਚੱ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਜਮਾਅਤ ਨੂੰ ਇਕੱ ਪ੍ਰੋਗਰਾਮ ਦੇ ਕੇ ਤਹਰੀਕ ਕੀਤੀ । ਜਿਸ ਵਿਚੱ ਵਿੱਤੀ ਕੁਰਬਾਨੀ ਵਲ੍ਹੱ ਵੀ ਧਿਆਨ ਦੁਆਇਆ । ਇਹ 1934 ਦੀ ਗਲ੍ਹੱ ਹੈ । ਆਪ ਰਜ਼ੀ ਅੱਲਾਹ ਅੰਨਹੋ ਨੇ ਫ਼ਰਮਾਇਆ ਕਿ ਕਈ ਵਾਰ ਕੁਰਬਾਨੀਆਂ ਲੰਮੀਆਂ ਕਰਨੀਆਂ ਪੈਂਦੀਆਂ ਹਨ ਅਤੇ ਔਰਤਾਂ ਅਤੇ ਬੱਚੇ ਵੀ ਉਸ ਲਈ ਤਿਆਰ ਹੋਣ ਇਹ ਕੇਵਲ ਮਰਦਾਂ ਦਾ ਕੰਮ ਨਹੀਂ ਹੈ । ਸਗੋਂ ਔਰਤਾਂ ਨੂੰ ਵੀ ਆਪਣੀ ਜ਼ਿੰਮੇਦਾਰੀਆਂ ਨੂੰ ਸਮਝਣਾ ਪਏਗਾ । ਭਾਵੇ ਉਸ ਸਮੇਂ ਇਹ ਹਰ ਅਹਮਦੀ ਲਈ ਜ਼ਰੂਰੀ ਨਹੀਂ ਸੀ । ਪਰ ਸ਼ਰਧਾ ਅਤੇ ਵਫ਼ਾਦਾਰੀ ਦਾ ਗ਼ੈਰ ਮਾਮੂਲੀ ਜਜ਼ਬਾ ਜਮਾਅਤ ਨੇ ਵਿਖਾਇਆ । ਸੋ, 1934 ਵਿਚੱ ਆਪ ਨੇ ਪੱਕੇ ਤੌਰ ਉੱਤੇ ਇਕੱ ਫ਼ੰਡ ਦਾ ਐਲਾਨ ਫ਼ਰਮਾਇਆ ਅਤੇ ਦਸਿੱਆ ਕਿ ਅਸੀਂ ਵਿਰੋਧੀਆਂ ਦੇ ਫ਼ਸਾਦ ਦਾ ਉਤੱਰ ਦੇਣਾ ਹੈ । ਆਪ ਰਜ਼ੀ ਅੱਲਾਹ ਅੰਨਹੋ ਨੇ ਉਸ ਸਮੇਂ ਜਮਾਅਤ ਨੂੰ ਇਕੱ ਪ੍ਰੋਗਰਾਮ ਦੇ ਕੇ ਜਿਸ ਵਿਚੱ ਆਪਣੀ ਸਿਖੱਲਾਈ ਅਤੇ ਕੁਰਬਾਨੀ ਦੇ ਮਿਆਰਾਂ ਨੂੰ ਉੱਚਾ ਕਰਨ ਵਲ੍ਹੱ ਧਿਆਨ ਦੁਆਇਆ । ਵਿੱਤੀ ਕੁਰਬਾਨੀ ਦੀ ਵੀ ਤਹਰੀਕ ਕੀਤੀ । ਉਸ ਸਮੇਂ ਆਪਣਾ ਅਤੇ ਆਪਣੇ ਬਚਿੱਆਂ ਦਾ ਟਿਡੱ ਕਟੱ ਕੇ ਕੁਰਬਾਨੀ ਕਰਨ ਦਾ ਜੋ ਨਮੂਨਾ ਜਮਾਅਤ ਨੇ ਕਾਯਮ ਕੀਤਾ । ਰਬੱ ਨੇ ਉਸ ਨੂੰ ਅਜਿਹਾ ਕਬੂਲ ਫ਼ਰਮਾਇਆ ਕਿ ਜਿੱਥੇ ਸੰਸਾਰ ਵਿਚੱ ਪ੍ਰਚਾਰ ਦੀਆਂ ਗ਼ੈਰ ਮਾਮੂਲੀ ਰਾਹਾਂ ਖੋਲ੍ਹਿਆਂ । ਉੱਥੇ ਇਹ ਕੁਰਬਾਨੀਆਂ ਉਹਨਾਂ ਤਕੱ ਹੀ ਸੀਮਿਤ ਨਹੀਂ ਰਹੀਆਂ । ਸਗੋਂ ਅਜੱ ਵੀ ਅਜਿਹੇ ਨਮੂਨੇ ਸਾਨੂੰ ਨਜ਼ਰ ਆਉਂਦੇ ਹਨ । ਜਿਵੇਂ ਕਿ ਇਹਨਾਂ ਕਿਸਿੱਆਂ ਵਿਚੱ ਮੈਂ ਬਿਆਨ ਕੀਤਾ । ਸੋ, ਉਹਨਾਂ ਲੋਕਾਂ ਨੇ ਜਿੱਥੇ ਵਿੱਤੀ ਕੁਰਬਾਨੀ ਕੀਤੀ । ਉੱਥੇ ਧਰਮ ਲਈ ਆਪਣਾ ਜੀਵਨ ਵੀ ਵਕਫ਼ ਕੀਤਾ । ਦੁਰ ਦਰਾੜ੍ਹੇ ਦੇਸ਼ਾਂ ਵਿਚੱ ਪ੍ਰਚਾਰ ਲਈ ਗਏ ਅਤੇ ਕੁਝੱ ਨੂੰ ਕੈਦ ਦੀਆਂ ਮੁਸ਼ਕਿਲਾਂ ਵੀ ਬਰਦਾਸ਼ਤ ਕਰਨੀ ਪਈਆਂ । ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਸ਼ੁਰੂ ਵਿਚੱ ਇਸ ਤਹਰੀਕ ਨੂੰ ਦਸੱ ਸਾਲ ਲਈ ਵਧਾ ਦਿੱਤਾ ਸੀ । ਤਿੰਨ ਸਾਲ ਤੋਂ ਫ਼ਿਰ ਦਸੱ ਸਾਲ ਕਰ ਦਿੱਤਾ । ਫ਼ਿਰ ਦਸੱ ਸਾਲ ਸੰਪੂਰਨ ਹੋਣ ਉੱਤੇ ਉਸ ਦੇ ਚੰਗੇ ਸਿੱਟੇ ਪ੍ਰਕਟ ਹੋਣ ਉੱਤੇ ਅਤੇ ਹੋਰ ਕੁਰਬਾਨੀਆਂ ਕਰਨ ਵਾਲਿਆਂ ਦੀ ਇੱਛਾ ਉੱਤੇ ਉਸ ਨੂੰ ਹੋਰ ਵਧਾ ਦਿੱਤਾ ਅਤੇ ਫ਼ਿਰ ਇਹ ਸਦੇਵੀਂ ਤਹਰੀਕ ਬਣ ਗਈ । ਅਜੱ ਅਸੀਂ ਰਬੱ ਦੀ ਮਦਦ ਅਤੇ ਸਹਿਯੋਗ ਦੇ ਜੋ ਨਜ਼ਾਰੇ ਵੇਖ ਰਹੇ ਹਨ

ਉਹ ਉਹਨਾਂ ਮੁਢੱਲੇ ਲੋਕਾਂ ਦੀਆਂ ਕੁਰਬਾਨੀਆਂ ਦਾ ਹੀ ਸਿੱਟਾ ਹੈ। ਜਿਸ ਨੂੰ ਰਬੱ ਨੇ ਕਬੂਲ ਫ਼ਰਮਾਇਆ। ਸਗੋਂ ਹੁਣ ਵੀ ਨਵੇਂ ਸ਼ਾਮਿਲ ਹੋਣ ਵਾਲਿਆਂ ਨੂੰ ਕਈ ਵਾਰ ਸੁਫ਼ਨਿਆਂ ਰਾਹੀਂ ਇਸ ਤਹਰੀਕ ਵਿਚੱ ਅਤੇ ਵਿੱਤੀ ਕੁਰਬਾਨੀ ਵਲੱ੍ਹ ਧਿਆਨ ਦੁਆਇਆ ਗਿਆ ਹੈ। ਜਿਵੇਂ ਕਿ ਮੈਂ ਕਿਸਿੱਆਂ ਵਿਚੱ ਬਿਆਨ ਕੀਤਾ। ਇਹਨਾਂ ਮੁਢੱਲੀਆਂ ਕੁਰਬਾਨੀਆਂ ਕਰਨ ਵਾਲਿਆਂ ਦੀਆਂ ਨਸਲਾਂ ਨੂੰ ਅਜੱ ਵੀ ਆਪਣੇ ਵੱਡੇਰੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਰਖੱਦੇ ਹੋਏ। ਜਿੱਥੇ ਆਪ ਅਤੇ ਆਪਣੀ ਨਸਲਾਂ ਨੂੰ ਉਹਨਾਂ ਕੁਰਬਾਨੀਆਂ ਨੂੰ ਲਗਾਤਾਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉੱਥੇ ਆਪਣੇ ਉੱਤੇ ਜੋ ਮਿਹਰ ਹੋਈ ਹੈ। ਉਸ ਉੱਤੇ ਆਪ ਵੀ ਵਧੱ ਤੋਂ ਵਧੱ ਕੁਰਬਾਨੀ ਕਰਨੀ ਚਾਹੀਦੀ ਹੈ।

ਹਜ਼ੂਰ ਨੇ ਫ਼ਰਮਾਇਆ ਪਹਿਲਾਂ ਮੈਂ ਤਹਰੀਕ-ਏ-ਜਦੀਦ ਦੇ ਫ਼ਲ ਦਾ ਜੋ ਸਾਨੂੰ ਨਜ਼ਰ ਆਏ ਦਸੱ ਦਿਆਂ। ਆਰੰਭ ਵਿਚੱ ਤਾਂ ਅਸੀਂ ਕਾਦੀਆਂ ਤੋਂ ਬਾਹਰ ਨਹੀਂ ਨਿਕਲ ਰਹੇ ਸਨ ਜਾਂ ਭਾਰਤ ਤਕੱ ਥੋੜ੍ਹੇ ਜਿਹੇ ਫ਼ੈਲੇ ਹੋਏ ਸਨ। ਪਰ ਹੁਣ ਸੰਸਾਰ ਦੇ 220 ਦੇਸ਼ਾਂ ਵਿਚੱ ਮਸਜਿਦਾਂ ਦੀ ਕੁਲੱ ਗਿਣਤੀ 9300 ਤੋਂ ਵਧੱ ਹੈ। ਮਿਸ਼ਨ ਹਾਊਸ ਦੀ ਗਿਣਤੀ 3400 ਤੋਂ ਵਧੱ ਹੈ ਅਤੇ ਹਾਲੇ ਦਰਜਨਾਂ ਮਸਜਿਦਾਂ ਬਣ ਰਹੀਆਂ ਹਨ ਅਤੇ ਮਿਸ਼ਨ ਹਾਊਸ ਵੀ ਬਣ ਰਹੇ ਹਨ। ਮੁਬਲਿਗ਼ੀਨ ਦੀ ਗਿਣਤੀ ਅਤੇ ਮੁਅਲਿਮੀਨ ਦੀ ਗਿਣਤੀ ਸੰਸਾਰ ਵਿਚੱ 5000 ਦੇ ਕਰੀਬ ਹੈ। ਇਹ ਹਾਲੇ ਵਧੱ ਰਹੀ ਹੈ। ਰਬੱ ਦੀ ਮਿਹਰ ਨਾਲ ਕੁਰਆਨ ਸ਼ਰੀਫ਼ ਦੇ ਅਨੁਵਾਦ ਵੀ ਹੋ ਰਹੇ ਹਨ। 77 ਭਾਸ਼ਾਵਾਂ ਵਿਚੱ ਅਨੁਵਾਦ ਹੋ ਚੁੱਕੇ ਹਨ। ਲਿਟਰੈਚਰ ਛਪੱ ਰਿਹਾ ਹੈ। ਵੱਖੋ ਵਖੱ ਭਾਸ਼ਾਵਾਂ ਵਿਚੱ ਲਿਟਰੈਚਰ ਦਾ ਅਨੁਵਾਦ ਹੋ ਰਿਹਾ ਹੈ ਅਤੇ ਬਥੇਰੇ ਕੰਮ ਹਨ। ਜੋ ਤਹਰੀਕ-ਏ-ਜਦੀਦ ਦੇ ਸ਼ੁਰੂ ਹੋਣ ਨਾਲ ਸ਼ੁਰੂ ਹੋਏ। ਭਾਵੇਂ ਉਸ ਵਿਚੱ ਬਾਕੀ ਚੰਦੇ ਵੀ ਸ਼ਾਮਿਲ ਹੋਏ ਹਨ। ਪਰ ਤਹਰੀਕ ਦਾ ਵੀ ਬਹੁਤ ਵੱਡਾ ਕਿਰਦਾਰ ਹੈ।

ਇਸ ਸਾਲ ਵਿਸ਼ਵਵਿਆਪੀ ਜਮਾਅਤ ਅਹਮਦੀਆ ਨੂੰ 17.20 ਮਿਲਿਅਨ ਪਾਊਂਡ ਦੀ ਕੁਰਬਾਨੀ ਪੇਸ਼ ਕਰਨ ਦੀ ਤੌਫ਼ੀਕ ਮਿਲੀ। ਇਹ ਕੁਰਬਾਨੀ ਪਿਛੱਲੇ ਸਾਲ ਤੋਂ 07 ਲਖੱ 49 ਹਜ਼ਾਰ ਪਾਊਂਡ ਵਧੱ ਹੈ। ਕੁਰਬਾਨੀ ਦੇ ਹਿਸਾਬ ਨਾਲ ਪਾਕਿਸਤਾਨ ਤੋਂ ਬਿਨਾਂ ਪਹਿਲੀ ਦਸੱ ਜਮਾਅਤਾਂ : ਜਰਮਨੀ, ਬਰਤਾਨੀਆ, ਕੇਨੈਡਾ, ਅਮਰੀਕਾ, ਮਿਡਲ ਈਸਟ ਦੀ ਇਕੱ ਜਮਾਅਤ, ਭਾਰਤ, ਅਸਟਰੈਲੀਆ, ਇੰਡੋਨੈਸ਼ੀਆ, ਮਿਡਲ ਈਸਟ ਦੀ ਇਕੱ ਹੋਰ ਜਮਾਅਤ, ਜਦੱ ਕਿ ਦਸਵੇਂ ਨੰਬਰ ਉੱਤੇ ਘਾਨਾ ਰਹੀ।

ਭਾਰਤ ਦੇ ਦਸੱ ਸੂਬੇ ਹਨ : ਕੇਰਲਾ, ਤਾਮਿਲਨਾਡੂ, ਕਰਨਾਟਕ, ਤਿਲੰਗਾਨਾ, ਜੰਮੂ ਕਸ਼ਮੀਰ, ਉਡੀਸ਼ਾ, ਪੰਜਾਬ, ਬੰਗਾਲ, ਦਿੱਲੀ ਅਤੇ ਮਹਾਰਾਸ਼ਟਰਾ। ਕੁਰਬਾਨੀ ਦੇ ਹਿਸਾਬ ਨਾਲ ਦਸੱ ਜਮਾਅਤਾਂ ਕੋਇੰਬਟੂਰ, ਕਾਦੀਆਂ, ਹੈਦਰਾਬਾਦ, ਕਾਲੀਕਟ, ਮੰਜੀਰੀ, ਮੈਲਾਪਾਲਮ, ਬੈਂਗਲੁਰੂ, ਕਲਕੱਤਾ, ਕਰੋਲਾਈ ਅਤੇ ਕੇਰੰਗ ਹਨ।

ਰਬੱ ਇਹਨਾਂ ਕੁਰਬਾਨੀਆਂ ਕਰਨ ਵਾਲਿਆਂ ਦੇ ਮਾਲ ਅਤੇ ਜਾਨ ਵਿਚੱ ਬਰਕਤ ਬਖ਼ਸ਼ੇ ਅਤੇ ਪਹਿਲਾਂ ਨਾਲੋਂ ਵਧੱ ਕੇ ਕੁਰਬਾਨੀਆਂ ਦੇਣ ਵਾਲੇ ਹੋਣ ਇਹ ਲੋਕ। ਆਮੀਨ

ਫ਼ਲਸਤੀਨੀਆਂ ਨੂੰ ਸਦਾ ਦੁਆਵਾਂ ਵਿਚੱ ਯਾਦ ਰੱਖੋ। ਉਹਨਾਂ ਨੂੰ ਨ ਭੁੱਲੋ। ਔਰਤਾਂ ਅਤੇ ਬੱਚੇ ਜਿਸ ਜ਼ੁਲਮ ਦੀ ਚੱਕੀ ਵਿਚੱ ਪਿਸ ਰਹੇ ਹਨ। ਰਬੱ ਜਲਦ ਉਹਨਾਂ ਦੀ ਰਿਹਾਈ ਦਾ ਸਮਾਨ ਫ਼ਰਮਾਏ। ਆਮੀਨ

اَلْحَمْدُلِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ
یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔